


ਇਮਪਲੌਏਮੈਂਟ ਸਟੈਂਡਰਡਜ਼ ਐਕਟ

# ਤੱਥ ਸ਼ੀਟ

ਇਹ ਤੱਥ ਸ਼ੀਟ ਕੇਵਲ ਆਮ ਜਾਣਕਾਰੀ ਦੇਣ ਦੇ ਮੰਤਵ ਲਈ ਤਿਆਰ ਕੀਤੀ ਗਈ ਹੈ। ਇਹ ਕੋਈ ਕਾਨੂੰਨੀ ਦਸਤਾਵੇਜ਼ ਨਹੀਂ ਹੈ। ਕਾਨੂੰਨ ਦੀ ਵਿਆਖਿਆ ਅਤੇ ਵਰਤੋਂ ਦੇ ਮੰਤਵਾਂ ਲਈ ਕਿਰਪਾ ਕਰਕੇ ਇਮਪਲੌਏਮੈਂਟ ਸਟੈਂਡਰਡਜ਼ ਐਕਟ ਅਤੇ ਰੈਗੂਲੇਸ਼ਨ ਦੇਖੋ।

ਜੁਲਾਈ 2002

# ਪਹਿਲੇ ਕੰਮ/ਜਾਂ ਸ਼ੁਰੂਆਤ ਦੇ ਪੱਧਰ ਦੀ ਤਨਖਾਹ ਦਰ

## FIRST JOB/ENTRY-LEVEL WAGE RATE

- **ਪਹਿਲੇ ਕੰਮ/ਜਾਂ ਸ਼ੁਰੂਆਤ ਦੇ ਪੱਧਰ ਦੀ ਘੱਟੋ ਘੱਟ ਤਨਖਾਹ** ਦਰ 6 ਡਾਲਰ ਪ੍ਰਤੀ ਘੰਟਾ ਹੈ।
- ਇਹ ਸਿਰਫ ਉਨ੍ਹਾਂ ਮੁਲਾਜ਼ਮਾਂ ਤੇ ਲਾਗੂ ਹੁੰਦਾ ਹੈ ਜਿਨ੍ਹਾਂ ਦਾ 15 ਨਵੰਬਰ, 2001 ਤੋਂ ਪਹਿਲਾਂ ਤਨਖਾਹਦਾਰ ਕੰਮ ਦਾ ਤਜਰਬਾ ਨਹੀਂ ਹੈ।
- ਇਕ ਵਾਰ ਜਦੋਂ ਉਹ ਇਕ ਜਾਂ ਜ਼ਿਆਦਾ ਮਾਲਕਾਂ (ਇਮਪਲੌਏਅਰਜ਼) ਲਈ 500 ਘੰਟੇ ਕੰਮ ਕਰ ਲੈਂਦੇ ਹਨ ਤਾਂ ਇਹ ਮੁਲਾਜ਼ਮ ਆਮ ਘੱਟੋ ਘੱਟ ਤਨਖਾਹ ਦਰ ਦੇ ਹੱਕਦਾਰ ਬਣ ਜਾਂਦੇ ਹਨ।
- ਸਿਰਫ ਤਨਖਾਹਦਾਰ ਕੰਮ ਦੇ ਤਜਰਬੇ ਦੇ ਅਸਲੀ ਘੰਟੇ ਹੀ ਗਿਣੇ ਜਾਂਦੇ ਹਨ। ਹੋਰ ਮੁਆਵਜ਼ੇ, ਜਿਵੇਂ ਕਿ ਅਲਾਊਂਸ, ਸਰਕਾਰੀ ਅਤੇ ਸਲਾਨਾ ਛੁੱਟੀਆਂ ਦੀ ਤਨਖਾਹ, ਜਿਹੜੇ ਦਿੱਤੇ ਜਾਣ ਜਾਂ ਨਾ, ਤਨਖਾਹਦਾਰ ਕੰਮ ਦੇ ਤਜਰਬੇ ਦੇ ਤੌਰ ਤੇ ਸਮਝੇ ਜਾਣ ਦੇ ਯੋਗ ਨਹੀਂ।
- ਪਹਿਲੇ ਕੰਮ/ਜਾਂ ਸ਼ੁਰੂਆਤ ਦੇ ਪੱਧਰ ਵਾਲੇ ਮੁਲਾਜ਼ਮ, ਪਹਿਲੇ ਕੰਮ/ਜਾਂ ਸ਼ੁਰੂਆਤ ਦੇ ਪੱਧਰ ਦੀ ਤਨਖਾਹ ਦਰ ਦੇ ਹੱਕਦਾਰ ਹਨ ਭਾਵੇਂ ਕਿ ਉਨ੍ਹਾਂ ਨੂੰ ਤਨਖਾਹ ਕਿਸ ਤਰ੍ਹਾਂ ਵੀ ਦਿੱਤੀ ਜਾਵੇ ਜਿਵੇਂ ਕਿ ਘੰਟਿਆਂ ਦਾ ਰੇਟ, ਉੱਕੀ ਪੁੱਕੀ ਤਨਖਾਹ, ਕਮਿਸ਼ਨ ਜਾਂ ਪੀਸ ਰੇਟ।
- ਪਹਿਲੇ ਕੰਮ/ਜਾਂ ਸ਼ੁਰੂਆਤ ਦੇ ਪੱਧਰ ਦੀ ਤਨਖਾਹ ਦਰ, ਇਮਪਲੌਏਮੈਂਟ ਸਟੈਂਡਰਡਜ਼ ਦੇ ਨਿਯਮਾਂ ਅਧੀਨ "ਗੈਰ-ਘੰਟਿਆਂ" ਵਾਲੇ ਕੰਮਾਂ ਤੇ ਲਾਗੂ ਨਹੀਂ ਹੁੰਦੀ। ਇਸ ਵਿਚ ਫਲ ਅਤੇ ਸਬਜ਼ੀਆਂ ਤੋੜਨ ਲਈ ਪੀਸ ਰੇਟ; ਘਰ ਵਿਚ ਰਹਿ ਕੇ ਮਦਦ ਕਰਨ ਵਾਲੇ ਵਰਕਰਾਂ ਅਤੇ ਲਿਵ-ਇਨ ਕੈਂਪ ਲੀਡਰਾਂ ਲਈ ਰੋਜ਼ਾਨਾ ਰੇਟ; ਅਤੇ, ਅਪਾਰਟਮੈਂਟ ਬਿਲਡਿੰਗਾਂ ਦੀ ਉੱਥੇ ਰਿਹਾਇਸ਼ ਰੱਖ ਕੇ ਨਿਗਰਾਨੀ ਕਰਨ ਵਾਲਿਆਂ ਲਈ ਮਹੀਨਾਵਾਰ ਰੇਟ ਸ਼ਾਮਲ ਹਨ।

### ਸਵਾਲ ਅਤੇ ਜਵਾਬ

1. **ਮੈਂ ਪਿਛਲੇ ਸਾਲ ਦੋ ਹਫਤਿਆਂ ਲਈ ਕੰਮ ਕੀਤਾ; ਕੀ ਕੋਈ ਮਾਲਕ ਮੈਨੂੰ 6 ਡਾਲਰ ਪ੍ਰਤੀ ਘੰਟੇ ਦੇ ਹਿਸਾਬ ਨਾਲ ਕੰਮ ਤੇ ਰੱਖ ਸਕਦਾ ਹੈ?**

   ਨਹੀਂ। ਜੇ ਤੁਸੀਂ 15 ਨਵੰਬਰ 2001 ਤੋਂ ਪਹਿਲਾਂ ਤਨਖਾਹ ਤੇ ਕੰਮ ਕੀਤਾ ਹੈ ਤਾਂ ਤੁਸੀਂ ਪਹਿਲੇ ਕੰਮ/ਜਾਂ ਸ਼ੁਰੂਆਤ ਦੇ ਪੱਧਰ ਦੀ ਤਨਖਾਹ ਦਰ ਲਈ ਯੋਗ ਨਹੀਂ ਹੋ।

2. **ਜੇ ਮੈਂ ਕਿਸੇ ਨੂੰ ਉਸ ਦੇ ਪਹਿਲੇ ਕੰਮ ਲਈ ਕੰਮ ਤੇ ਰੱਖਾਂ ਤਾਂ ਕੀ ਮੈਨੂੰ 500 ਘੰਟਿਆਂ ਲਈ ਉਸ ਦੀ ਘੱਟੋ ਘੱਟ ਤਨਖਾਹ 6 ਡਾਲਰ ਪ੍ਰਤੀ ਘੰਟਾ ਰੱਖਣੀ ਜ਼ਰੂਰੀ ਹੈ?**

   ਨਹੀਂ। ਕੋਈ ਮਾਲਕ 6 ਡਾਲਰ ਪ੍ਰਤੀ ਘੰਟਾ ਤੋਂ ਘੱਟ ਨਹੀਂ ਦੇ ਸਕਦਾ ਪਰ ਉਹ ਪਹਿਲੇ ਕੰਮ/ਜਾਂ ਸ਼ੁਰੂਆਤ ਦੇ ਪੱਧਰ ਦੀ ਤਨਖਾਹ ਦਰ ਨਾਲੋਂ ਜ਼ਿਆਦਾ ਤਨਖਾਹ ਦੇ ਸਕਦਾ ਹੈ।

3. **ਅਸੀਂ ਕਮਿਸ਼ਨ ਤੇ ਸੇਲਜ਼ਮੈਨਾਂ ਨੂੰ ਰੱਖਦੇ ਹਾਂ। ਅਸੀਂ ਕਮਿਸ਼ਨ ਜਾਂ ਘੱਟੋ ਘੱਟ ਤਨਖਾਹ ਦਿੰਦੇ ਹਾਂ - ਜੋ ਵੀ ਜ਼ਿਆਦਾ ਹੋਵੇ। ਉਨ੍ਹਾਂ ਨਾਤਜਰਬੇਕਾਰ ਵਰਕਰਾਂ ਲਈ ਘੱਟੋ ਘੱਟ ਤਨਖਾਹ ਦਰ ਕੀ ਹੈ ਜਿਨ੍ਹਾਂ ਨੂੰ ਅਸੀਂ ਕੰਮ ਤੇ ਰੱਖ ਸਕਦੇ ਹਾਂ?**

   ਜਿਹੜੇ ਕਾਮੇ ਪਹਿਲੇ ਕੰਮ/ਜਾਂ ਸ਼ੁਰੂਆਤ ਦੇ ਪੱਧਰ ਦੀ ਤਨਖਾਹ ਦਰ ਹੇਠ ਆਉਂਦੇ ਹਨ, ਉਹ ਸੇਲਜ਼ ਕਮਿਸ਼ਨ ਜਾਂ 6 ਡਾਲਰ ਪ੍ਰਤੀ ਘੰਟੇ ਦੇ ਹੱਕਦਾਰ ਹਨ, ਜਿਹੜਾ ਵੀ ਜ਼ਿਆਦਾ ਹੋਵੇ ਪਰ ਇਹ ਉਦੋਂ ਤੱਕ ਹੀ ਜਦ ਤੱਕ ਉਹ 500 ਘੰਟੇ ਕੰਮ ਨਹੀਂ ਕਰ ਲੈਂਦੇ।

4. **ਮੈਂ ਤਿੰਨ ਮਹੀਨਿਆਂ ਦੇ ਕੰਮ ਲਈ ਪਹਿਲੀ ਵਾਰੀ ਕੰਮ ਕਰਨ ਵਾਲੇ ਵਰਕਰ ਰੱਖਣਾ ਚਾਹੁੰਦਾ ਹਾਂ ਪਰ ਮੈਂ ਇਸ ਤੋਂ ਬਾਅਦ ਕੰਮ ਦਾ ਵਾਅਦਾ ਨਹੀਂ ਕਰ ਸਕਦਾ। ਕੀ ਇਹ ਕਾਨੂੰਨੀ ਤੌਰ ਤੇ ਠੀਕ ਹੈ?**

   ਅਦਬ ਵਜੋਂ ਤੁਹਾਨੂੰ ਸੰਭਾਵੀ ਮੁਲਾਜ਼ਮਾਂ ਨੂੰ ਇਹ ਸਾਫ ਦੱਸ ਦੇਣਾ ਚਾਹੀਦਾ ਹੈ ਕਿ ਕੰਮ ਸਿਰਫ ਸੀਮਤ ਸਮੇਂ ਲਈ ਹੀ ਹੈ ਅਤੇ ਤੁਹਾਡੇ ਇਸ ਕੰਮ ਨਾਲ ਉਸ ਨੂੰ ਰੁਜ਼ਗਾਰ ਦਾ ਤਜਰਬਾ ਹਾਸਲ ਕਰਨ ਦਾ ਮੌਕਾ ਮਿਲੇਗਾ।

5. **ਕੀ ਮੈਂ ਇਹ ਮਸ਼ਹੂਰੀ ਦੇ ਸਕਦਾ ਹਾਂ ਕਿ ਜੌਬ ਸਿਰਫ ਪਹਿਲੇ ਕੰਮ/ਜਾਂ ਸ਼ੁਰੂਆਤ ਦੇ ਪੱਧਰ ਵਾਲੇ ਵਰਕਰਾਂ ਲਈ ਹੀ ਹੈ?**

   ਹਾਂ। ਬੀ.ਸੀ. ਹਿਊਮਨ ਰਾਈਟਸ ਕੋਡ ਅਧੀਨ ਕੰਮ ਦੇ ਤਜਰਬੇ ਤੇ

ਸਫਾ 2

BRITISH COLUMBIA

**Ministry of Skills Development and Labour**

Employment Standards Branch

**FOR MORE INFORMATION**:
**Call**: 1-800-663-3316, 612-4100 in Prince George
**Fax**: (250) 612-4121
**Website:** www.labour.gov.bc.ca/esb

[Punjabi]

ਆਧਾਰਿਤ ਮਸ਼ਹੂਰੀ ਦੇਣ ਦੀ ਮਨਾਹੀ ਨਹੀਂ ਹੈ। ਤੁਸੀਂ ਉਮਰ, ਲਿੰਗ ਦੀਆਂ ਪਾਬੰਦੀਆਂ ਜਾਂ ਹਿਊਮਨ ਰਾਈਟਸ ਕੋਡ ਅਧੀਨ ਮਨਾਹੀ ਵਾਲੇ ਕਿਸੇ ਹੋਰ ਖੇਤਰ ਨੂੰ ਆਧਾਰ ਬਣਾ ਕੇ ਜੌਬ ਦੀ ਮਸ਼ਹੂਰੀ ਨਹੀਂ ਕਰ ਸਕਦੇ।

ਜੌਬ ਦੀ ਮਸ਼ਹੂਰੀ ਬਾਰੇ ਜੇ ਤੁਹਾਨੂੰ ਪੱਕਾ ਯਕੀਨ ਨਹੀਂ ਹੈ ਤਾਂ ਤੁਸੀਂ 1-800-663-0876 ਜਾਂ 250-387-3710 ਜਾਂ 604-660-6811 ਫੋਨ ਨੰਬਰਾਂ ਤੇ ਬੀ ਸੀ ਹਿਊਮਨ ਰਾਈਟਸ ਕਮਿਸ਼ਨ ਨਾਲ ਸੰਪਰਕ ਕਰ ਸਕਦੇ ਹੋ।

### 6. ਤਨਖਾਹਦਾਰ ਕੰਮ ਦੇ ਤਜਰਬੇ ਤੋਂ ਕੀ ਭਾਵ ਹੈ?

ਤਨਖਾਹਦਾਰ ਕੰਮ ਦੇ ਤਜਰਬੇ ਦਾ ਮਤਲਬ ਹੈ ਕਿ ਮੁਲਾਜ਼ਮ ਦੇ ਤੌਰ ਤੇ ਕੰਮ ਕਰਦੇ ਸਮਾਂ ਬਿਤਾਉਣਾ ਅਤੇ ਕੰਮ ਦੇ ਘੰਟਿਆਂ ਲਈ ਤਨਖਾਹ ਲੈਣਾ।

"ਤਨਖਾਹਾਂ" ਵਿਚ ਕਮਿਸ਼ਨ ਅਤੇ ਪੀਸ ਰੇਟ ਵੀ ਸ਼ਾਮਲ ਹਨ ਜਿੱਥੇ ਕਮਾਈ ਬਾਰੇ ਕੈਨੇਡਾ ਕਸਟਮਜ਼ ਐਂਡ ਰੈਵੇਨਿਊ ਏਜੰਸੀ ਨੂੰ ਦੱਸਿਆ ਜਾਂਦਾ ਹੈ।

### 7. ਓਵਰਟਾਈਮ ਦੇ ਘੰਟੇ ਅਤੇ ਸਰਕਾਰੀ ਛੁੱਟੀ ਦੀ ਤਨਖਾਹ ਸਮੇਤ ਛੁੱਟੀ ਕਿਵੇਂ ਗਿਣੇ ਜਾਂਦੇ ਹਨ?

ਓਵਰਟਾਈਮ ਦੇ ਘੰਟੇ, ਕੀਤੇ ਕੰਮ ਦੇ ਘੰਟਿਆਂ ਮੁਤਾਬਕ ਗਿਣੇ ਜਾਂਦੇ ਹਨ। ਓਵਰਟਾਈਮ ਦਾ ਇਕ ਘੰਟਾ - ਭਾਵੇਂ ਇਸ ਦੇ ਪੈਸੇ ਡੇਢੇ ਜਾਂ ਦੁੱਗਣੇ ਮਿਲੇ ਹੋਣ - ਇਕ ਘੰਟਾ ਕੰਮ ਕੀਤਾ ਗਿਣਿਆ ਜਾਂਦਾ ਹੈ।

### 8. ਕੀ ਘਾਹ ਕੱਟਣ ਅਤੇ ਬੇਬੀਸਿਟਿੰਗ ਕਰਨ ਵਰਗਾ ਕੱਚਾ (ਕੈਜ਼ੂਅਲ) ਕੰਮ ਵੀ ਗਿਣਿਆ ਜਾਂਦਾ ਹੈ?

ਕਦੇ ਕਦੇ ਘਾਹ ਕੱਟਣਾ ਜਾਂ ਬੇਬੀਸਿਟਿੰਗ ਕਰਨ ਨੂੰ ਆਮ ਤੌਰ ਤੇ ਤਨਖਾਹਦਾਰ ਕੰਮ ਨਹੀਂ ਸਮਝਿਆ ਜਾਂਦਾ। ਬੱਚਿਆਂ ਦੀ ਸੰਭਾਲ ਕਰਨ ਅਤੇ ਅਜਿਹਾ ਕਰਕੇ ਕਮਾਏ ਪੈਸਿਆਂ ਦਾ ਵੇਰਵਾ ਦੇਣ ਨੂੰ ਤਨਖਾਹਦਾਰ ਰੁਜ਼ਗਾਰ ਗਿਣਿਆ ਜਾਵੇਗਾ। ਕਿਸੇ ਕਾਰੋਬਾਰ ਲਈ ਕੰਮ ਕਰਨਾ ਅਤੇ ਉਹ ਕੰਮ ਕਰਨਾ ਜਿਹੜੇ ਮੁਲਾਜ਼ਮ ਆਮ ਤੌਰ ਤੇ ਕਰਦੇ ਹਨ, ਨੂੰ ਤਨਖਾਹਦਾਰ ਰੁਜ਼ਗਾਰ ਸਮਝਿਆ ਜਾਵੇਗਾ, ਜਿਵੇਂ ਕਿ ਫੱਲ ਤੋੜਣਾ।

### 9. ਮੈਂ ਕਿਸੇ ਮਾਲਕ ਨੂੰ ਇਹ ਕਿਵੇਂ ਦਿਖਾ ਸਕਦਾ/ਸਕਦੀ ਹਾਂ ਕਿ ਮੇਰੇ ਕੋਲ ਪਹਿਲਾਂ ਹੀ ਤਨਖਾਹਦਾਰ ਕੰਮ ਦਾ ਤਜਰਬਾ ਹੈ?

ਪੁਰਾਣੇ ਰੁਜ਼ਗਾਰ ਦਾ ਸਬੂਤ ਦੇਣ ਲਈ ਇਨ੍ਹਾਂ ਵਿਚੋਂ ਕੋਈ ਚੀਜ਼ ਦਿਖਾਈ ਜਾ ਸਕਦੀ ਹੈ:

- ਰੁਜ਼ਗਾਰ ਦਾ ਰਿਕਾਰਡ।
- ਤਨਖਾਹ ਦੀਆਂ ਰਸੀਦਾਂ ਜਾਂ ਟੀ 4 ਸਲਿੱਪ।
- ਪੁਰਾਣੇ ਮਾਲਕ ਤੋਂ ਲਿਖਤੀ ਤਸਦੀਕ।
- ਕੋਈ ਹੋਰ ਵਾਜਬ ਸਬੂਤ ਜਿਹੜਾ ਮਾਲਕ ਨੂੰ ਮਨਜ਼ੂਰ ਹੋਵੇ ਜਿਵੇਂ ਕਿ ਜ਼ੁਬਾਨੀ ਜ਼ਿਕਰ।

### 10. ਜੇ ਮੁਲਾਜ਼ਮ ਕੋਲ ਤਨਖਾਹ ਦੀਆਂ ਰਸੀਦਾਂ ਜਾਂ ਰੁਜ਼ਗਾਰ ਦਾ ਰਿਕਾਰਡ ਨਾ ਹੋਵੇ ਤਾਂ ਕੀ ਹੋਵੇਗਾ?

ਪਹਿਲੇ ਰੁਜ਼ਗਾਰ ਨੂੰ ਸਾਬਤ ਕਰਨਾ ਮੁਲਾਜ਼ਮ ਦੀ ਜ਼ਿੰਮੇਵਾਰੀ ਹੈ। ਪਰ ਮਾਲਕਾਂ ਨੂੰ ਵੀ ਵਾਜਬ ਸਬੂਤ ਮੰਨਣ ਲਈ ਤਿਆਰ ਹੋਣਾ ਚਾਹੀਦਾ ਹੈ।

ਮਾਲਕਾਂ ਲਈ ਇਕ ਚੰਗਾ ਨਿਯਮ ਇਹ ਹੋਵੇਗਾ ਕਿ ਉਹ ਜਾਣਕਾਰੀ ਦੀ ਪੜਚੋਲ ਉਸੇ ਤਰ੍ਹਾਂ ਕਰਨ ਜਿਸ ਤਰ੍ਹਾਂ ਉਹ ਰੈਜ਼ਮੇ ਤੇ ਲਿਖੀ ਜਾਣਕਾਰੀ ਦੀ ਕਰਦੇ ਹਨ।

ਜੇ ਕੋਈ ਮਾਲਕ, ਮੁਲਾਜ਼ਮ ਵਲੋਂ ਦਿੱਤੀ ਗਈ ਜਾਣਕਾਰੀ ਨੂੰ ਮਨਜ਼ੂਰ ਨਹੀਂ ਕਰਦਾ ਅਤੇ ਬਾਅਦ ਵਿਚ ਇਹ ਸਿੱਟਾ ਨਿਕਲਦਾ ਹੈ ਕਿ ਮੁਲਾਜ਼ਮ ਨੇ ਵਾਜਬ ਤੌਰ ਤੇ ਇਹ ਸਾਬਤ ਕਰ ਦਿੱਤਾ ਹੈ ਕਿ ਉਸ ਨੇ ਪਹਿਲਾਂ ਤਨਖਾਹ ਤੇ ਕੰਮ ਕੀਤਾ ਹੈ ਤਾਂ ਮੁਲਾਜ਼ਮ ਨੂੰ ਤਨਖਾਹਾਂ ਵਿਚਲਾ ਫਰਕ ਪੂਰਾ ਕਰਨ ਲਈ ਕਿਹਾ ਜਾ ਸਕਦਾ ਹੈ।

### 11. ਜੇ ਮੈਂ 500 ਘੰਟਿਆਂ ਤੋਂ ਘੱਟ ਕੰਮ ਕਰਾਂ ਅਤੇ ਨਵੀਂ ਜੌਬ ਤੇ ਚਲਾ/ਚਲੀ ਜਾਵਾਂ ਤਾਂ ਕੀ ਮੈਨੂੰ ਆਮ ਘੱਟੋ ਘੱਟ ਤਨਖਾਹ ਦੇ ਹੱਕਦਾਰ ਬਣਨ ਲਈ ਹੋਰ 500 ਘੰਟੇ ਕੰਮ ਕਰਨਾ ਪਵੇਗਾ?

ਨਹੀਂ - ਤੁਸੀਂ ਆਮ ਘੱਟੋ ਘੱਟ ਤਨਖਾਹ ਲੈਣ ਦੇ ਉਸੇ ਵੇਲੇ ਹੱਕਦਾਰ ਬਣ ਜਾਵੋਗੇ ਜਦੋਂ ਹੀ ਤੁਸੀਂ 500 ਘੰਟੇ ਤਨਖਾਹਦਾਰ ਕੰਮ ਦਾ ਤਜਰਬਾ ਹਾਸਲ ਕਰ ਲਿਆ।

### 12. ਮੈਂ ਬੀ.ਸੀ. ਤੋਂ ਬਾਹਰ ਕੰਮ ਕੀਤਾ ਹੈ - ਕੀ ਇਹ ਗਿਣਿਆ ਜਾਵੇਗਾ?

ਸਾਰਾ ਤਨਖਾਹਦਾਰ ਰੁਜ਼ਗਾਰ ਗਿਣਿਆ ਜਾਂਦਾ ਹੈ, ਭਾਵੇਂ ਤੁਸੀਂ ਕਿਤੇ ਵੀ ਕੰਮ ਕੀਤਾ ਹੋਵੇ। ਇਸ ਵਿਚ ਬੀ.ਸੀ., ਕੈਨੇਡਾ ਜਾਂ ਕਿਸੇ ਹੋਰ ਦੇਸ਼ ਵਿਚ ਕੀਤਾ ਕੰਮ ਸ਼ਾਮਲ ਹੈ।

### 13. ਮਾਲਕਾਂ ਨੂੰ ਕਿਹੜੀ ਚੀਜ਼ ਇਸ ਤੋਂ ਰੋਕੇਗੀ ਕਿ ਉਹ ਵਰਕਰਾਂ ਨੂੰ ਕੰਮ ਤੇ ਰੱਖਣ ਅਤੇ 500 ਘੰਟੇ ਕੰਮ ਹੋ ਜਾਣ ਤੇ ਕੰਮ ਤੋਂ ਲੇਅਆਫ ਕਰ ਦੇਣ?

*ਇਮਪਲੌਏਮੈਂਟ ਸਟੈਂਡਰਡਜ਼ ਐਕਟ* ਲੋਕਾਂ ਨੂੰ ਇਹ ਨਹੀਂ ਦੱਸਦਾ ਕਿ ਉਨ੍ਹਾਂ ਨੇ ਆਪਣਾ ਕਾਰੋਬਾਰ ਕਿਵੇਂ ਚਲਾਉਣਾ ਹੈ ਜਾਂ ਉਹ ਕਿਸ ਨੂੰ ਕੰਮ ਤੇ ਰੱਖ ਸਕਦੇ ਹਨ। ਉਨ੍ਹਾਂ ਨੂੰ ਕਿਸੇ ਵੀ ਮੁਲਾਜ਼ਮ ਨੂੰ ਕਿਸੇ ਕਾਰਨ ਜਾਂ ਬਿਨਾਂ ਕਾਰਨ ਦੇ ਕੰਮ ਤੋਂ ਹਟਾਉਣ ਦਾ ਹੱਕ ਹੈ ਅਤੇ ਇਸ ਵਿਚ ਕੋਈ ਤਬਦੀਲੀ ਨਹੀਂ ਹੋਈ।

ਐਕਟ ਅਧੀਨ, ਕਿਸੇ ਮਾਲਕ ਕੋਲ ਕਿਸੇ ਮੁਲਾਜ਼ਮ ਨੂੰ ਹਟਾਉਣ ਦਾ ਕਾਰਨ ਨਹੀਂ ਹੋਵੇਗਾ ਜੇ ਕੰਮ ਤੋਂ ਹਟਾਉਣ ਦਾ ਸਿਰਫ ਇਹ ਹੀ ਕਾਰਨ ਹੈ ਕਿ ਉਸ ਵਿਅਕਤੀ ਕੋਲ ਕੰਮ ਦੇ ਤਜਰਬੇ ਦੇ 500 ਤੋਂ ਜ਼ਿਆਦਾ ਘੰਟੇ ਹਨ।

### 14. ਜੇ 490 ਘੰਟਿਆਂ ਦੇ ਤਨਖਾਹਦਾਰ ਕੰਮ ਦੇ ਤਜਰਬੇ ਵਾਲੇ ਕਿਸੇ ਮੁਲਾਜ਼ਮ ਨੂੰ ਉਸ ਦੇ ਮਾਲਕ ਵਲੋਂ 50 ਡਾਲਰ ਬੋਨਸ ਮਿਲਦਾ ਹੈ ਤਾਂ ਕੀ ਇਹ ਬੋਨਸ ਮੁਲਾਜ਼ਮ ਨੂੰ 500 ਘੰਟਿਆਂ ਦੀ ਸੀਮਾ ਦੇ ਨੇੜੇ ਪਹੁੰਚਾ ਦਿੰਦਾ ਹੈ?

ਨਹੀਂ। ਸਿਰਫ ਕੀਤੇ ਕੰਮ ਦੇ ਤਜਰਬੇ ਦੇ ਅਸਲੀ ਘੰਟੇ ਹੀ ਗਿਣੇ ਜਾਂਦੇ ਹਨ। ਕੀਤੇ ਕੰਮ ਦੇ ਘੰਟਿਆਂ ਦੀ ਤਨਖਾਹ ਤੋਂ ਬਿਨਾਂ ਹੋਰ ਪੈਸੇ, ਜਾਂ ਅਲਾਊਂਸ, ਜਾਂ ਬੈਨੇਫਿਟਸ ਕੰਮ ਦੇ ਘੰਟਿਆਂ ਦੇ ਤੌਰ ਤੇ ਨਹੀਂ ਗਿਣੇ ਜਾਂਦੇ।

**ਹੋਰ ਜਾਣਕਾਰੀ www.labour.gov.bc.ca/first-job ਵੈਬਸਾਈਟ ਤੋਂ ਮਿਲ ਸਕਦੀ ਹੈ।**